# 10

# ਮਸੀਹ ਵਿਚ ਹੋਣ ਤੋਂ ਕੀ ਭਾਵ ਹੈ

ਇਸ ਧਰਤੀ 'ਤੇ ਮਸੀਹੀ ਹੋਣਾ ਸਭ ਤੋਂ ਵੱਡਾ ਸਨਮਾਨ ਹੋ ਸਕਦਾ ਹੈ। ਮਸੀਹੀ ਬਣਕੇ ਪੌਲੁਸ ਖੁਸ਼ ਸੀ (ਰਸੂਲਾਂ ਦੇ ਕੰਮ 26:28, 29)। ਪਤਰਸ ਨੇ ਸਾਨੂੰ ਇਸ ਨਾਲ ਖ਼ੁਦਾ ਦੀ ਵਡਿਆਈ ਕਰਨ ਲਈ ਆਖਿਆ (1 ਪਤਰਸ 4:16)।

ਜੇ ਮੈਨੂੰ ਇਕ ਮਸੀਹੀ ਦੀ ਸੰਖੇਪ ਅਤੇ ਸਰਲ ਪਰਿਭਾਸ਼ਾ ਦੇਣ ਲਈ ਕਿਹਾ ਜਾਵੇ ਤਾਂ ਮੈਂ ''ਜੋ ਮਸੀਹ ਵਿਚ ਹੈ'' ਹੀ ਕਹਾਂਗਾ। ਮਸੀਹ ਦੇ ਬਾਹਰ ਹੋਣ ਦੇ ਉਲਟ, ਮਸੀਹ ਵਿਚ ਹੋਣ ਦੇ ਅਰਥ 'ਤੇ ਧਿਆਨ ਕਰਕੇ ਅਸੀਂ ਇਹ ਸਮਝ ਸਕਦੇ ਹਾਂ ਕਿ ਮਸੀਹੀ ਹੋਣਾ ਕਿੰਨੀ ਵੱਡੀ ਗੱਲ ਹੈ।

## ਮਸੀਹ ਤੋਂ ਬਾਹਰ ਹੋਣ ਦਾ ਕੀ ਅਰਥ ਹੈ

ਅਫ਼ਸੀਆਂ 2 ਅਧਿਆਇ ਵਿਚ ਅਫ਼ਸੁਸ ਦੇ ਲੋਕਾਂ ਦਾ ਉਦੋਂ ਦਾ ਚਿਤਰਣ ਹੈ ਜਦ ਉਹ ਪਾਪ ਵਿਚ ਮਰੇ ਹੋਏ ਸਨ (ਆਇਤਾਂ 1, 2)।

(1) ਉਸ ਸਮੇਂ ਉਹ *ਖ਼ੁਦਾ ਤੋਂ ਰਹਿਤ* ਸਨ (ਆਇਤ 12) ਯਾਨੀ ਸਵਰਗ ਵਿਚ ਉਨ੍ਹਾਂ ਦਾ ਪਿਤਾ ਨਹੀਂ ਸੀ। ਖ਼ੁਦਾ ਦਾ ਸਾਡਾ ਮਹਾਨ ਸਵਰਗੀ ਪਿਤਾ ਹੋਣਾ ਸ਼ਰਤ ਸਹਿਤ ਹੈ (2 ਕੁਰਿੰਥੀਆਂ 6:17, 18)।

(2) ਉਹ *ਮਸੀਹ ਤੋਂ ਅੱਡ* ਸਨ (ਆਇਤ 12)। ਉਨ੍ਹਾਂ ਦਾ ਕੋਈ ਪ੍ਰਧਾਨ ਯਾਜਕ ਨਹੀਂ ਸੀ, ਖ਼ੁਦਾ ਨਹੀਂ ਸੀ ਜਿਹਦੇ ਅੱਗੇ ਉਹ ਦੁਆ ਕਰਦੇ ਅਤੇ ਨਾ ਮਸੀਹ ਹੀ ਸੀ ਜਿਹਦੇ ਰਾਹੀਂ ਉਹ ਦੁਆ ਕਰ ਸਕਦੇ। ਖ਼ੁਦਾ ਤਕ ਮਸੀਹ ਹੀ ਪਹੁੰਚਾ ਸਕਦਾ ਹੈ। ਇਸ ਲਈ ਮਸੀਹ ਦੇ ਬਿਨਾ ਦੁਆ ਵਿਚ ਸਵਰਗੀ ਸਿੰਘਾਸਣ ਤਕ ਨਹੀਂ ਪਹੁੰਚਿਆ ਜਾ ਸਕਦਾ।

(3) ਉਹ *ਮਿਲਾਪ ਤੋਂ ਰਹਿਤ* ਸਨ, ਕਿਉਂਕਿ ''ਉਹੀ ਸਾਡਾ ਮਿਲਾਪ ਹੈ'' (ਆਇਤ 14)।

(4) ਉਨ੍ਹਾਂ ਨੂੰ *ਕੋਈ ਆਸ ਨਹੀਂ* ਸੀ (ਆਇਤ 12)।

(5) ਉਹ ਇਸਰਾਏਲ ਦੀ (ਰੂਹਾਨੀ) ਬਾਦਸ਼ਾਹੀ ਤੋਂ *ਨਿਆਰੇ* ਕੀਤੇ ਹੋਏ ਸਨ (ਆਇਤ 12)।

(6) ਉਹ ਆਪਣੇ ਅਪਰਾਧਾਂ ਅਤੇ ਪਾਪਾਂ ਵਿਚ *ਮਰੇ ਹੋਏ* ਸਨ (ਆਇਤ 1)।

ਮਸੀਹ ਤੋਂ ਬਾਹਰ ਹੋਣ ਦਾ ਮਤਲਬ ਉਸ ਦੁਸ਼ਟ ਵਿਚ ਹੋਣਾ ਹੈ (1 ਯੂਹੰਨਾ 5:19, 20)। ਉਸ ਦੁਸ਼ਟ ਵਿਚ ਹੋਣਾ ਉਹਦੇ ਰਾਜ ਅਤੇ ਵੱਸ ਵਿਚ ਹੋਣਾ ਹੈ। ''ਮਸੀਹ ਵਿਚ'' ਅਤੇ

''ਉਸ ਦੁਸ਼ਟ ਵਿਚ'' ਹੋਣ ਵਾਲੀਆਂ ਗੱਲਾਂ ਵਿੱਚੋਂ ਦੋ ਰੂਹਾਨੀ ਸਬੰਧਾਂ ਦਾ ਪਤਾ ਲਗਦਾ ਹੈ। ਵਿਚ ਦੀ ਕੋਈ ਥਾਂ ਨਹੀਂ ਹੈ ਭਾਵ ਕੋਈ ਜਾਂ ਤਾਂ ਮਸੀਹ ਵਿਚ ਹੈ ਜਾਂ ਉਸ ਦੁਸ਼ਟ ਵਿਚ। ਬੇਸ਼ੱਕ ਅਸੀਂ ਜ਼ਿੰਮੇਵਾਰ ਲੋਕਾਂ ਦੀ ਹੀ ਗੱਲ ਕਰ ਰਹੇ ਹਾਂ, ਬੱਚਿਆਂ ਦੀ ਨਹੀਂ।

## ਮਸੀਹ ਵਿਚ ਹੋਣ ਤੋਂ ਕੀ ਭਾਵ ਹੈ

ਜੋ ਲੋਕ ਮਸੀਹ ਵਿਚ ਹਨ ਉਨ੍ਹਾਂ ਕੋਲ ਖ਼ੁਦਾ ਹੈ, ਕਿਉਂਕਿ ਸਾਨੂੰ ਮਸੀਹ ਦੇ ਲਹੂ ਵਿਚ ਉਹਦੇ ਨਾਲ ਮਿਲਾਇਆ ਗਿਆ ਹੈ (ਅਫ਼ਸੀਆਂ 2:16)। ਐਨਾ ਹੀ ਨਹੀਂ, ਮਸੀਹੀ ਲੋਕਾਂ ਕੋਲ ਪ੍ਰਧਾਨ ਯਾਜਕ ਦੇ ਤੌਰ 'ਤੇ ਮਸੀਹ ਹੈ। ਦੁਆ ਮਸੀਹ ਵਿਚ ਹੋਣ ਵਾਲੇ ਆਦਮੀ ਲਈ ਸਭ ਤੋਂ ਵੱਡੀ ਬਰਕਤ ਹੈ।

ਮਸੀਹ ਵਿਚ ਮਿਲਣ ਵਾਲੀਆਂ ਰੂਹਾਨੀ ਬਰਕਤਾਂ ਵਿਚ ਦੁਆ ਹੀ ਨਹੀਂ ਹੈ। ਅਫ਼ਸੀਆਂ 1:3 ਪੌਲੁਸ ਨੇ ਵਿਚ ਐਲਾਨ ਕੀਤਾ ਕਿ ਸਭ ਰੂਹਾਨੀ ਬਰਕਤਾਂ ਓਸੇ ਵਿਚ ਹਨ। ਉਨ੍ਹਾਂ ਸਭ ਬਰਕਤਾਂ ਦੀ ਇਕ-ਇਕ ਕਰਕੇ ਗਿਣਤੀ ਤਾਂ ਨਹੀਂ ਕੀਤੀ ਜਾ ਸਕਦੀ, ਪਰ ਇਨ੍ਹਾਂ ਵਿਚ ਛੁਟਕਾਰਾ (ਅਫ਼ਸੀਆਂ 1:7), ਨਵੀਂ ਸ੍ਰਿਸ਼ਟ ਬਣਨਾ (2 ਕੁਰਿੰਥੀਆਂ 5:17), ਮਿਲਾਪ (ਅਫ਼ਸੀਆਂ 2:16) ਅਤੇ ਹਮੇਸ਼ਾ ਦੀ ਜ਼ਿੰਦਗੀ (1 ਯੂਹੰਨਾ 5:11) ਸ਼ਾਮਿਲ ਹਨ।

## ਮਸੀਹ ਵਿਚ ਕਿਵੇਂ ਆਇਆ ਜਾ ਸਕਦਾ ਹੈ

ਇਹ ਦੱਸੇ ਜਾਣ 'ਤੇ ਕਿ ਮਸੀਹ ਦੇ ਬਾਹਰ ਹੋਣ ਅਤੇ ਮਸੀਹ ਵਿਚ ਹੋਣ ਤੋਂ ਕੀ ਭਾਵ ਹੈ, ਉਹਦੇ ਲਈ ਜ਼ਰੂਰੀ ਹੈ ਕਿ ਫ਼ੌਰਨ ਪੁੱਛੇ ਕਿ ''ਮਸੀਹ ਵਿਚ ਹੋਣ ਲਈ ਮੈਂ ਕੀ ਕਰਾਂ?'' ਇਸ ਸਵਾਲ ਦਾ ਜਵਾਬ ਬਾਈਬਲ ਦੀਆਂ ਇਨ੍ਹਾਂ ਦੋ ਆਇਤਾਂ ਵਿੱਚੋਂ ਮਿਲਦਾ ਹੈ:

> ਅਥਵਾ ਤੁਸੀਂ ਨਹੀਂ ਜਾਣਦੇ ਕਿ ਜਿੰਨਿਆਂ ਨੇ ਮਸੀਹ ਯਿਸੂ ਦਾ (into Christ) ਬਪਤਿਸਮਾ ਲਿਆ, ਉਹਦੀ ਮੌਤ ਦਾ ਬਪਤਿਸਮਾ ਲਿਆ ਹੈ? (ਰੋਮੀਆਂ 6:3)।

> ਅਤੇ ਤੁਹਾਡੇ ਵਿੱਚੋਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਹੈ ਉਨ੍ਹਾਂ ਮਸੀਹ ਨੂੰ ਪਹਿਨ ਲਿਆ ਹੈ (ਗਲਾਤੀਆਂ 3:27)।

ਇਹ ਆਇਤਾਂ ਦੱਸਦੀਆਂ ਹਨ ਕਿ ਸਾਡਾ ਬਪਤਿਸਮਾ ''ਮਸੀਹ ਵਿਚ'' ਹੁੰਦਾ ਹੈ। ਇਨ੍ਹਾਂ ਵਿਚ ਸੰਕੇਤ ਨਹੀਂ ਬਲਕਿ ਐਲਾਨ ਹੈ! ਮਸੀਹ ਵਿਚ ਆਉਣ ਦਾ ਭਾਵ ਉਸ ਵਿਚ ਬਪਤਿਸਮਾ ਲੈਣ ਦਾ ਸਿਰਫ਼ ਇਹੀ ਇੱਕੋ ਤਰੀਕਾ ਹੈ।

ਬਪਤਿਸਮਾ ਲੈਣ ਤੋਂ ਪਹਿਲਾਂ ਵਿਅਕਤੀ, ਮਸੀਹ ਦੇ ਬਾਹਰ ਹੁੰਦਾ ਹੈ। ਮਸੀਹ ਵਿਚ ਬਪਤਿਸਮਾ ਲੈ ਲੈਣ 'ਤੇ ਆਦਮੀ ਮਸੀਹ ਵਿਚ ਆ ਜਾਂਦਾ ਹੈ। ਬੇਸ਼ੱਕ, ਬਪਤਿਸਮਾ ਲੈਣ ਤੋਂ ਪਹਿਲਾਂ ਤਨੋਂ ਮਨੋਂ ਤਿਆਰੀ ਹੋਣੀ ਜ਼ਰੂਰੀ ਹੈ। ਪਸ਼ਚਾਤਾਪੀ ਵਿਸ਼ਵਾਸੀ ਹੋਣਾ ਜ਼ਰੂਰੀ ਹੈ (ਮਰਕੁਸ 16:16; ਰਸੂਲਾਂ ਦੇ ਕੰਮ 2:38)। ਬਾਈਬਲ ਮੁਤਾਬਕ ਪਾਪਾਂ ਦੀ ਮਾਫ਼ੀ ਲਈ ਤੌਬਾ ਕਰਨ ਵਾਲਾ ਹੀ ਦਫ਼ਨਾਇਆ ਜਾਣ 'ਤੇ ਮਸੀਹ ਵਿਚ ਆ ਜਾਂਦਾ ਹੈ।

## ਮਸੀਹ ਵਿਚ ਕਿਵੇਂ ਰਿਹਾ ਜਾਂਦਾ ਹੈ

ਇਨ੍ਹਾਂ ਗੱਲਾਂ ਵਿੱਚੋਂ ਇਕ ਮਸੀਹ ਦੇ ਜੀਵਨ ਅਤੇ ਮੌਤ ਨੂੰ ਸੰਖੇਪ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ 'ਤੇ ਵਿਚਾਰ ਕਰਦੇ ਹੋਏ, ਆਪਣੇ ਆਪ ਤੋਂ ਪੁੱਛੋ ਕਿ ਕੀ ਉਹ ਤੁਹਾਡੀ ਜ਼ਿੰਦਗੀ ਵਿਚ ਹਨ।

(1) *''ਮਸੀਹ ਵਿਚ ਆਉਣਾ।''* ਇਹ ਮਨਬਦਲੀ ਹੈ ਜਿਸ 'ਤੇ ਅਸੀਂ ਪਹਿਲਾਂ ਹੀ ਚਰਚਾ ਕਰ ਚੁਕੇ ਹਾਂ। ਬਪਤਿਸਮੇ ਲਈ ਪਸ਼ਚਾਤਾਪੀ ਵਿਸ਼ਵਾਸੀ ਹੀ ਮਸੀਹ ਦੇ ਬਾਹਰ ਹੋਣ ਤੋਂ ਲੈ ਕੇ ਮਸੀਹ ਵਿਚ ਆਉਣ ਦੀ ਪ੍ਰਕਿਰਿਆ ਵਿੱਚੋਂ ਦੀ ਲੰਘਦਾ ਹੈ।

(2) *''ਮਸੀਹ ਵਿਚ ਬਣੇ ਰਹਿਣਾ।''* ਸ਼ੁਰੂਆਤ ਕਰਨੀ ਹੀ ਕਾਫ਼ੀ ਨਹੀਂ ਹੈ। ਯਿਸੂ ਨੇ ਕਿਹਾ, ''ਜੇ ਕੋਈ ਮੇਰੇ ਵਿਚ ਨਾ ਰਹੇ, ਤਾਂ ਉਹ ਟਹਿਣੀ ਵਾਂਗੂੰ ਬਾਹਰ ਸੁੱਟਿਆ ਜਾਂਦਾ ਹੈ'' (ਯੂਹੰਨਾ 15:6)। ਫਲ ਲਿਆਉਣ ਅਤੇ ਖ਼ੁਦਾ ਨੂੰ ਭਾਉਣ ਲਈ, ਸਾਨੂੰ ਆਪਣੀ ਜ਼ਿੰਦਗੀ ਜਾਂ ਸਮੇਂ ਦੇ ਅੰਤ ਤਕ ਵਫ਼ਾਦਾਰ ਰਹਿਣਾ ਜ਼ਰੂਰੀ ਹੈ।

(3) *''ਪ੍ਰਭੂ ਵਿਚ ਮਰਨਾ।''* ''ਧੰਨ ਹਨ ਉਹ ਮੁਰਦੇ ਜੋ ਪ੍ਰਭੂ ਵਿਚ ਮਰਦੇ ਹਨ'' (ਪ੍ਰਕਾਸ਼ ਦੀ ਪੋਥੀ 14:13)। ''ਪ੍ਰਮੇਸ਼ਵਰ ਉਨ੍ਹਾਂ ਨੂੰ ਵੀ ਜਿਹੜੇ ਯਿਸੂ ਮਸੀਹ ਵਿਚ ਸੌਂ ਗਏ ਹਨ, ਉਹਦੇ ਨਾਲ ਲਿਆਵੇਗਾ'' (1 ਥੱਸਲੁਨੀਕੀਆਂ 4:14)। ਮਸੀਹ ਵਿਚ ਮਰਨ ਲਈ, ਪਹਿਲਾਂ ਮਸੀਹ ਵਿਚ ਆਉਣਾ ਅਤੇ ਵਫ਼ਾਦਾਰ ਸੰਤ ਬਣੇ ਰਹਿਣਾ ਜ਼ਰੂਰੀ ਹੈ।

## ਸਾਰ

ਮਸੀਹੀ ਬਣ ਕੇ ਮਸੀਹ ਵਿਚ ਮਿਲਣ ਵਾਲੀਆਂ ਬਰਕਤਾਂ ਨੂੰ ਕੌਣ ਨਹੀਂ ਪਾਉਣਾ ਚਾਹੇਗਾ? ਇਹ ਸੱਚ ਹੈ ਕਿ ਜੋ ਮਸੀਹ ਵਿਚ ਭਗਤੀ ਨਾਲ ਉਮਰ ਕੱਟਣਾ ਚਾਹੁੰਦੇ ਹਨ ਉਹ ਸਭ ਸਤਾਏ ਜਾਣਗੇ (2 ਤਿਮੋਥਿਉਸ 3:12), ਪਰ ਅਸੀਂ ਖ਼ੁਦਾ ਦੇ ਵਚਨ ਵਿੱਚੋਂ ਮਿਲਣ ਵਾਲੀਆਂ ਜਲਾਲੀ ਬਰਕਤਾਂ ਦੇ ਸਾਹਮਣੇ ਅਜਿਹੀਆਂ ਨਿਗੂਣੀਆਂ ਗੱਲਾਂ ਭੁੱਲ ਜਾਂਦੇ ਹਾਂ (1 ਯੂਹੰਨਾ 5:11; ਪ੍ਰਕਾਸ਼ ਦੀ ਪੋਥੀ 14:13)। ''ਮੇਰੀ ਸਮਝ ਵਿਚ ਇਸ ਵਰਤਮਾਨ ਸਮੇਂ ਦੇ ਦੁੱਖ ਉਸ ਪਰਤਾਪ ਨਾਲ ਜੋ ਸਾਡੇ ਵੱਲ ਪ੍ਰਕਾਸ਼ ਹੋਣ ਵਾਲਾ ਹੈ, ਮਿਚਾਉਣ ਦੇ ਯੋਗ ਨਹੀਂ'' (ਰੋਮੀਆਂ 8:18)।